# ਰਾਸ਼ਟਰੀ ਸਰਵੋਤਮ ਅਭਿਆਸ ਢਾਂਚਾ

## ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਲਈ

ਪਰਿਵਾਰਾਂ ਲਈ

**ਇੱਕ ਗਾਈਡ**

## ਰਾਸ਼ਟਰੀ ਸਰਵੋਤਮ ਅਭਿਆਸ ਢਾਂਚਾ

- ਇਹ ਗਾਈਡ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਲਈ ਰਾਸ਼ਟਰੀ ਸਰਵੋਤਮ ਅਭਿਆਸ ਢਾਂਚਾ ਉੱਤੇ ਆਧਾਰਿਤ ਹੈ।
- ਇਹ ਢਾਂਚਾ ਤੁਹਾਡੀ ਇਹ ਜਾਣਨ ਵਿੱਚ ਮੱਦਦ ਕਰਦਾ ਹੈ ਕਿ ਤੁਸੀਂ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਤੋਂ ਕੀ ਉਮੀਦ ਕਰਨੀ ਹੈ।
- ਇਹ ਢਾਂਚਾ ਤੁਹਾਨੂੰ ਇਹ ਭਰੋਸਾ ਦਿੰਦਾ ਹੈ ਕਿ ਤੁਸੀਂ ਆਪਣੇ ਬੱਚੇ ਲਈ ਸਭ ਤੋਂ ਵਧੀਆ ਕਰ ਰਹੇ ਹੋ।

## ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਕੀ ਹੈ?

### ਇਹ ਕਿਸ ਲਈ ਹੈ?

ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਉਹਨਾਂ ਪਰਿਵਾਰਾਂ ਦੀ ਸਹਾਇਤਾ ਕਰਦੀ ਹੈ ਜੋ ਅਜਿਹੇ (ਜਨਮ ਤੋਂ ਲੈ ਕੇ 9 ਸਾਲ ਦੀ ਉਮਰ ਤੱਕ ਦੇ) ਬੱਚਿਆਂ ਦੀ ਪਰਵਿਰਸ਼ ਕਰ ਰਹੇ ਹਨ ਜਿਨ੍ਹਾਂ ਨੂੰ ਵਿਕਾਸ ਸੰਬੰਧੀ ਚਿੰਤਾਵਾਂ, ਦੇਰੀ ਜਾਂ ਅਪਾਹਜਤਾ ਹੋ ਸਕਦੀ ਹੈ।

### ਇਸ ਵਿੱਚ ਕੀ ਸ਼ਾਮਲ ਹੁੰਦਾ ਹੈ?

ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਸੇਵਾਵਾਂ ਵੱਖ-ਵੱਖ ਪੇਸ਼ੇਵਰਾਂ ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਵੇਂ ਕਿ, ਸਪੀਚ ਪੈਥੋਲੋਜਿਸਟ, ਕਿੱਤਾਮੁਖੀ ਥੈਰੇਪਿਸਟ, ਫਿਜ਼ੀਓਥੈਰੇਪਿਸਟ ਜਾਂ ਮਨੋਵਿਗਿਆਨੀ। ਇਸ ਗਾਈਡ ਵਿੱਚ ਅਸੀਂ ਉਹਨਾਂ ਨੂੰ ਪ੍ਰੈਕਟੀਸ਼ਨਰ ਕਹਿੰਦੇ ਹਾਂ।

### ਇਸ ਵਿੱਚ ਕੌਣ-ਕੌਣ ਸ਼ਾਮਲ ਹੁੰਦੇ ਹਨ?

ਇਹ ਪ੍ਰੈਕਟੀਸ਼ਨਰ ਪਰਿਵਾਰਾਂ, ਤੁਹਾਡੇ ਬੱਚੇ ਅਤੇ ਤੁਹਾਡੇ ਬੱਚੇ ਦੇ ਜੀਵਨ ਵਿਚਲੇ ਹੋਰ ਮਹੱਤਵਪੂਰਨ ਲੋਕਾਂ ਨਾਲ ਮਿਲ ਕੇ ਕੰਮ ਕਰਦੇ ਹਨ।

### ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਦਾ ਉਦੇਸ਼ ਕੀ ਹੈ?

ਤੁਹਾਡੇ ਬੱਚੇ ਨੂੰ ਵੱਧਣ-ਫੁੱਲਣ, ਸਿੱਖਣ ਅਤੇ ਜ਼ਿੰਦਗੀ ਦਾ ਆਨੰਦ ਲੈਣ ਵਿੱਚ ਮੱਦਦ ਕਰਨਾ, ਅਤੇ ਇੱਕ ਪਰਿਵਾਰ ਦੇ ਤੌਰ 'ਤੇ ਆਪਣੇ ਬੱਚੇ ਦੇ ਵਿਕਾਸ ਵਿੱਚ ਸਭ ਤੋਂ ਵਧੀਆ ਸਹਾਇਤਾ ਕਰਨ ਵਿੱਚ ਤੁਹਾਡੀ ਮੱਦਦ ਕਰਨਾ

Healthy Trajectories — A Child and Youth Disability Research Hub | preci — Professionals & Researchers in Early Childhood Intervention | murdoch children's research institute | SNAICC — National Voice for our Children | ACD — Advocating for children with disability | cyda — Children and Young People with Disability Australia | The University of Melbourne | Melbourne Disability Institute | STRONG kids, STRONG future — Supporting child development pathways

# ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਲਈ ਰਾਸ਼ਟਰੀ ਸਰਵੋਤਮ ਅਭਿਆਸ ਢਾਂਚੇ (National Best Practice Framework for Early Childhood Intervention) ਬਾਰੇ ਹੋਰ ਜਾਣਕਾਰੀ ਇੱਥੇ ਔਨਲਾਈਨ ਪ੍ਰਾਪਤ ਕਰ ਸਕਦੇ ਹੋ: https://healthy-trajectories.com.au/eci-review/

# ਸਰਵੋਤਮ ਅਭਿਆਸ ਵਾਲੀ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਕਿਹੋ ਜਿਹਾ ਦਿਖਾਈ ਦਿੰਦੀ ਹੈ?

## ਤੁਹਾਡੇ ਪਰਿਵਾਰ ਲਈ

- ਤੁਹਾਨੂੰ ਆਪਣੇ ਬੱਚੇ ਦੇ ਮਾਹਰ ਵਜੋਂ ਸਤਿਕਾਰ ਕੀਤਾ ਜਾਂਦਾ ਹੈ
- ਤੁਸੀਂ ਬੱਚੇ ਦੇ ਸਾਰੇ ਫ਼ੈਸਲਿਆਂ ਵਿੱਚ ਸ਼ਾਮਲ ਹੁੰਦੇ ਹੋ
- ਤੁਹਾਡੇ ਬੱਚੇ ਦੇ ਹੁਨਰਾਂ ਨੂੰ ਬਣਾਉਣ ਲਈ ਰੋਜ਼ਾਨਾ ਖੇਡ ਅਤੇ ਰੁਟੀਨ ਦੀ ਵਰਤੋਂ ਕਰਨ ਵਿੱਚ ਤੁਹਾਡੀ ਮੱਦਦ ਕਰਦਾ ਹੈ
- ਭੈਣ-ਭੈਣ ਅਤੇ ਹੋਰ ਪਰਿਵਾਰਕ ਮੈਂਬਰਾਂ ਦਾ ਸਵਾਗਤ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ
- ਤੁਸੀਂ ਆਪਣੇ ਬੱਚੇ ਦੀ ਸਹਾਇਤਾ ਕਰਨ ਲਈ ਵਧੇਰੇ ਆਤਮਵਿਸ਼ਵਾਸ ਮਹਿਸੂਸ ਕਰਦੇ ਹੋ

## ਤੁਹਾਡੇ ਬੱਚੇ ਲਈ

- ਪ੍ਰੈਕਟੀਸ਼ਨਰ ਤੁਹਾਡੇ ਬੱਚੇ ਦੀਆਂ ਤਾਕਤਾਂ ਅਤੇ ਰੁਚੀਆਂ ਉੱਤੇ ਧਿਆਨ-ਕੇਂਦਰਿਤ ਦਿੰਦੇ ਹਨ
- ਸਹਾਇਤਾ, ਖੇਡ-ਅਧਾਰਿਤ ਮਨੋਰੰਜਕ ਗਤਿਵਿਧੀਆਂ ਰਾਹੀਂ, ਤੁਹਾਡੇ ਬੱਚੇ ਦੀ ਰਫ਼ਤਾਰ ਅਨੁਸਾਰ ਹੁੰਦੀ ਹੈ
- ਤੁਹਾਡੇ ਬੱਚੇ ਦੇ ਗੱਲ ਕਹਿਣ ਦੇ ਤਰੀਕੇ ਦਾ ਸਤਿਕਾਰ ਕੀਤਾ ਜਾਂਦਾ ਹੈ, ਅਤੇ ਉਨ੍ਹਾਂ ਦੀ ਗੱਲ ਸੁਣੀ ਜਾਂਦੀ ਹੈ
- ਪ੍ਰੈਕਟੀਸ਼ਨਰ ਤੁਹਾਡੇ ਬੱਚੇ ਨੂੰ ਆਪਣੇ ਆਪ ਬਾਰੇ ਚੰਗਾ ਮਹਿਸੂਸ ਕਰਨ ਵਿੱਚ ਮੱਦਦ ਕਰਦੇ ਹਨ
- ਇਹ ਤੁਹਾਡੇ ਬੱਚੇ ਨੂੰ "ਠੀਕ ਕਰਨ" ਬਾਰੇ ਨਹੀਂ ਹੈ, ਇਹ ਉਸਨੂੰ ਵਧਣ-ਫੁੱਲਣ ਵਿੱਚ ਮੱਦਦ ਕਰਨ ਬਾਰੇ ਹੈ

## ਤੁਹਾਡੇ ਪ੍ਰੈਕਟੀਸ਼ਨਰ ਵੱਲੋਂ

- ਸੇਵਾਵਾਂ ਪ੍ਰਮਾਣਿਤ ਜਾਣਕਾਰੀ 'ਤੇ ਆਧਾਰਿਤ ਹੁੰਦੀਆਂ ਹਨ
- ਉਹ ਤੁਹਾਡੇ ਪਰਿਵਾਰ ਦੇ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦੇ ਹਨ
- ਤੁਹਾਨੂੰ ਉਹ ਜਾਣਕਾਰੀ ਦਿੱਤੀ ਜਾਂਦੀ ਹੈ, ਜੋ ਸਮਝਣ ਵਿੱਚ ਆਸਾਨ ਹੋਵੇ
- ਤੁਹਾਨੂੰ ਦੂਜੇ ਪਰਿਵਾਰਾਂ ਨਾਲ ਜੁੜਨ ਅਤੇ ਹੋਰ ਉਪਯੋਗੀ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮੱਦਦ ਮਿਲਦੀ ਹੈ
- ਉਹ ਤੁਹਾਡੇ ਬੱਚੇ ਦੇ ਅਧਿਆਪਕਾਂ ਅਤੇ ਸਿੱਖਿਆਕਾਰਾਂ ਨਾਲ ਮਿਲ ਕੇ ਕੰਮ ਕਰਦੇ ਹਨ ਤਾਂ ਜੋ ਤੁਹਾਡੇ ਬੱਚੇ ਨੂੰ ਸਿੱਖਣ ਲਈ ਲੋੜੀਂਦੀ ਸਹਾਇਤਾ ਮਿਲ ਸਕੇ

# ਸਭ ਤੋਂ ਵੱਧ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਕੀ ਹੈ?

- ਬੱਚੇ ਰੋਜ਼ਾਨਾ ਦੇ ਰੁਟੀਨ ਜਿਵੇਂ ਕਿ ਖਾਣਾ ਖਾਣ, ਖੇਡਣ ਜਾਂ ਕੱਪੜੇ ਪਾਉਣ ਰਾਹੀਂ ਸਭ ਤੋਂ ਵਧੀਆ ਸਿੱਖਦੇ ਹਨ
- ਸਭ ਤੋਂ ਵੱਧ ਪ੍ਰਭਾਵਸ਼ਾਲੀ ਆਪਣੇ ਪ੍ਰੈਕਟੀਸ਼ਨਰ ਨੂੰ ਘਰ ਵਿੱਚ, ਆਪਣੇ ਬੱਚੇ ਦੇ ਪ੍ਰੀ-ਸਕੂਲ ਵਿੱਚ, ਜਾਂ ਇੱਥੋਂ ਤੱਕ ਕਿ ਖੇਡ ਦੇ ਮੈਦਾਨ ਵਿੱਚ ਮਿਲਣਾ ਹੁੰਦਾ ਹੈ
- ਪ੍ਰੈਕਟੀਸ਼ਨਰ ਸਿੱਖਣ ਅਤੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਰੋਜ਼ਾਨਾ ਦੀਆਂ ਰੁਟੀਨਾਂ ਅਤੇ ਖੇਡ ਨੂੰ ਵਰਤਣ ਲਈ ਤੁਹਾਡੀ ਮੱਦਦ ਕਰਦੇ ਹਨ
- ਉਹ ਬੱਚੇ ਦੀ ਤੁਰਨ-ਫਿਰਨ, ਗੱਲ ਕਰਣ ਜਾਂ ਗਤੀਵਿਧੀਆਂ ਸ਼ਾਮਲ ਹੋਣ ਵਿੱਚ ਮੱਦਦ ਕਰਨ ਲਈ ਤੁਹਾਡੇ ਘਰ ਜਾਂ ਕਲਾਸਰੂਮ ਵਿੱਚ ਕੁੱਝ ਉਪਕਰਨ ਲਿਆਉਣ ਜਾਂ ਤਬਦੀਲੀਆਂ ਕਰਨ ਦੀ ਸਿਫਾਰਿਸ਼ ਕਰ ਸਕਦੇ ਹਨ

- ਪਰਿਵਾਰ ਲਈ ਸਿਰਫ਼ ਪਰਿਵਾਰਕ-ਸੈਸ਼ਨ (ਬਿਨਾਂ ਬੱਚੇ ਦੇ) ਲੈਣਾ ਵੀ ਲਾਭਕਾਰੀ ਹੋ ਸਕਦਾ ਹੈ
- ਜੇਕਰ ਤੁਸੀਂ ਆਪਣੇ ਪ੍ਰੈਕਟੀਸ਼ਨਰ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਜਾਂ ਟੈਲੀਹੈਲਥ ਰਾਹੀਂ ਮਿਲਦੇ ਹੋ, ਤਾਂ ਉਹ ਫਿਰ ਵੀ ਤੁਹਾਡੇ ਘਰ ਦੀਆਂ ਰੁਟੀਨਾਂ ਦਾ ਸਮਰਥਨ ਕਰਦੇ ਹਨ ਅਤੇ ਤੁਹਾਡੇ ਬੱਚੇ ਦੇ ਸਿੱਖਿਅਕਾਂ ਅਤੇ ਅਧਿਆਪਕਾਂ ਨਾਲ ਮਿਲਕੇ ਕੰਮ ਕਰ ਸਕਦੇ ਹਨ

## ਕਿੰਨੀ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਲੈਣੀ ਵਧੀਆ ਹੈ?

ਪਰਿਵਾਰ ਅਕਸਰ ਪੁੱਛਦੇ ਹਨ ਕਿ ਉਹਨਾਂ ਨੂੰ ਆਪਣੇ ਪ੍ਰੈਕਟੀਸ਼ਨਰ ਨੂੰ ਕਿੰਨੀ ਵਾਰ ਮਿਲਣਾ ਚਾਹੀਦਾ ਹੈ। ਇਸਦਾ ਕੋਈ ਇੱਕੋ ਜਿਹਾ ਜਵਾਬ ਨਹੀਂ ਹੁੰਦਾ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਤੁਸੀਂ ਆਪਣੇ ਬੱਚੇ ਦੀ ਸਹਾਇਤਾ ਕਰਨ ਲਈ ਰੋਜ਼ਾਨਾ ਦੇ ਆਮ ਸਮੇਂ ਦੀ ਵਰਤੋਂ ਕਿਵੇਂ ਕਰਦੇ ਹੋ।

- ਕਿਸੇ ਇੱਕ ਪ੍ਰੈਕਟੀਸ਼ਨਰ ਨਾਲ ਸ਼ੁਰੂਆਤ ਕਰਨਾ ਅਤੇ ਲੋੜ ਪੈਣ 'ਤੇ ਹੀ ਦੂਜਿਆਂ ਨੂੰ ਸ਼ਾਮਲ ਕਰਨਾ ਵਧੀਆ ਹੋ ਸਕਦਾ ਹੈ
- ਮਿਲਣ ਦੀ ਗਿਣਤੀ ਸਮੇਂ ਦੇ ਨਾਲ ਬਦਲ ਸਕਦੀ ਹੈ — ਛੁੱਟੀਆਂ ਲੈਣੀਆਂ ਵੀ ਬਿਲਕੁਲ ਠੀਕ ਹਨ
- ਪਰਿਵਾਰ ਨਾਲ ਸਮਾਂ ਬਿਤਾਉਣਾ, ਆਰਾਮ ਕਰਨਾ ਅਤੇ ਇਕੱਠੇ ਮਿਲ ਕੇ ਮਜ਼ੇਦਾਰ ਗਤੀਵਿਧੀਆਂ ਕਰਨਾ ਵੀ ਓਨ੍ਹਾ ਹੀ ਮਹੱਤਵਪੂਰਨ ਹੈ

## ਸਾਨੂੰ ਕਿਵੇਂ ਪਤਾ ਲੱਗੇਗਾ ਕਿ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਕੰਮ ਕਰ ਰਿਹਾ ਹੈ?

ਤੁਸੀਂ ਅਤੇ ਤੁਹਾਡਾ ਪ੍ਰੈਕਟੀਸ਼ਨਰ ਤੁਹਾਡੇ ਪਰਿਵਾਰ ਲਈ ਮਹੱਤਵਪੂਰਨ ਹੋਣ ਵਾਲੇ ਛੋਟੇ ਅਤੇ ਲੰਮੇ ਸਮੇਂ ਦੇ ਟੀਚੇ ਤੈਅ ਕਰੋਗੇ।

ਤੁਸੀਂ ਨਿਯਮਿਤ ਤੌਰ 'ਤੇ ਨਿਰੀਖਣ, ਖੇਡ ਜਾਂ ਮੁਲਾਂਕਣਾਂ ਰਾਹੀਂ ਪ੍ਰਗਤੀ ਦੀ ਜਾਂਚ ਕਰਦੇ ਰਹੋਗੇ, ਤੁਹਾਡਾ ਪ੍ਰੈਕਟੀਸ਼ਨਰ ਤੁਹਾਨੂੰ ਅੱਪਡੇਟ ਕਰੇਗਾ ਅਤੇ ਅੱਗੇ ਵਧਾਏ ਹਰ ਕਦਮ ਦੀ ਖੁਸ਼ੀ ਜ਼ਾਹਿਰ ਕਰੇਗਾ, ਚਾਹੇ ਉਹ ਵੱਡਾ ਜਾਂ ਛੋਟਾ ਹੋਵੇ।

## ਜੇਕਰ ਕੁੱਝ ਠੀਕ ਨਾ ਲੱਗੇ ਤਾਂ ਕੀ ਕਰੀਏ?

ਜੇਕਰ ਤੁਹਾਨੂੰ ਆਪਣੇ ਪ੍ਰੈਕਟੀਸ਼ਨਰ ਦੇ ਤਰੀਕੇ ਬਾਰੇ ਕੋਈ ਸ਼ੱਕੀ ਭਾਵਨਾ ਆਉਂਦੀ ਹੈ ਤਾਂ:

- ਉਨ੍ਹਾਂ ਦੇ ਤਰੀਕੇ ਦੀ ਤੁਲਨਾ ਉਪਰ ਦਿੱਤੀ ਗਾਈਡ ਨਾਲ ਕਰੋ
- ਆਪਣੀਆਂ ਚਿੰਤਾਵਾਂ ਬਾਰੇ ਉਨ੍ਹਾਂ ਨਾਲ ਖੁੱਲ੍ਹ ਕੇ ਗੱਲ ਕਰੋ
- ਉਨ੍ਹਾਂ ਦੇ ਮੈਨੇਜਰ ਜਾਂ ਕਿਸੇ ਹੋਰ ਭਰੋਸੇਮੰਦ ਪੇਸ਼ੇਵਰ ਨਾਲ ਗੱਲ ਕਰੋ
- ਤੁਸੀਂ ਪ੍ਰੈਕਟੀਸ਼ਨਰ ਬਦਲ ਸਕਦੇ ਹੋ

*ਇਹ ਯਕੀਨੀ ਬਣਾਓ ਕਿ ਤੁਹਾਡੇ ਕੋਲ ਸਿਰਫ਼ ਵਾਂਗ ਜਿਊਣ ਅਤੇ ਰੋਜ਼ਮਰ੍ਹਾ ਦੀਆਂ ਆਮ ਗੱਲਾਂ ਕਰਨ ਲਈ ਵੀ ਕਾਫ਼ੀ ਸਮਾਂ ਹੋਵੇ। ਅਸਲ ਵਿਚ ਇਹੀ ਸਭ ਤੋਂ ਵੱਧ ਮਹੱਤਵਪੂਰਨ ਹੈ।*

# ਮੈਨੂੰ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਤੁਸੀਂ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ ਲਈ ਰਾਸ਼ਟਰੀ ਸਰਵੋਤਮ ਅਭਿਆਸ ਢਾਂਚੇ (National Best Practice Framework for Early Childhood Intervention) ਬਾਰੇ ਹੋਰ ਜਾਣਕਾਰੀ ਇੱਥੇ ਔਨਲਾਈਨ ਪ੍ਰਾਪਤ ਕਰ ਸਕਦੇ ਹੋ: https://healthy-trajectories.com.au/eci-framework/

© UoM 2025. ਨੈਸ਼ਨਲ ਬੈਸਟ ਪ੍ਰੈਕਟਿਸ ਫਰੇਮਵਰਕ ਫਾਰ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ (ਹੈਲਦੀ ਟ੍ਰੈਜੈਕਟਰੀਜ਼, ਮੈਲਬੌਰਨ ਡਿਸਏਬਿਲਟੀ ਇੰਸਟੀਚਿਊਟ, ਮੈਲਬੌਰਨ ਯੂਨੀਵਰਸਿਟੀ ਵਿਖੇ ਸਟ੍ਰੌਂਗ ਕਿਡਜ਼ ਸਟ੍ਰੌਂਗ ਫਿਊਚਰ, ਅਤੇ ਮਰਡੋਕ ਚਿਲਡਰਨਜ਼ ਰਿਸਰਚ ਇੰਸਟੀਚਿਊਟ (MCRI), ਪ੍ਰੋਫੈਸ਼ਨਲਜ਼ ਐਂਡ ਰਿਸਰਚਰਜ਼ ਇਨ ਅਰਲੀ ਚਾਈਲਡਹੁੱਡ ਇੰਟਰਵੈਂਸ਼ਨ (PRECI), SNAICC - ਨੈਸ਼ਨਲ ਵੌਇਸ ਫਾਰ ਆਵਰ ਚਿਲਡਰਨ, ਚਿਲਡਰਨ ਐਂਡ ਯੰਗ ਪੀਪਲ ਵਿਦ ਡਿਸਏਬਿਲਟੀ ਆਸਟ੍ਰੇਲੀਆ, ਅਤੇ ACD - ਐਡਵੋਕੇਟਿੰਗ ਫਾਰ ਚਿਲਡਰਨ ਵਿਦ ਡਿਸਏਬਿਲਟੀ ਦੀ ਇੱਕ ਸਾਂਝੀ ਪਹਿਲ ਹੈ)। ਇਹ ਸੋਸ਼ਲ ਸਰਵਿਸਜ਼ ਵਿਭਾਗ ਦੁਆਰਾ ਗਠਿਤ ਕੀਤਾ ਗਿਆ ਹੈ।

ਇਸ ਕੰਮ ਦੇ ਸਾਰੇ ਕਾਪੀਰਾਈਟ ਹੱਕ ਮੈਲਬੌਰਨ ਯੂਨੀਵਰਸਿਟੀ ਕੋਲ ਕਰੀਏਟਿਵ ਕਾਮਨਜ਼ ਲਾਇਸੈਂਸ, CC-BY-NC-ND ਦੇ ਤਹਿਤ ਹਨ। ਇਸ ਸਮੱਗਰੀ ਵਿੱਚ SNAICC ਅਤੇ ਇਸਦੇ ਮੈਂਬਰਾਂ ਅਤੇ ਕਰਮਚਾਰੀਆਂ ਦੁਆਰਾ ਯੋਗਦਾਨ ਪਾਈ ਗਈ ਸਵਦੇਸ਼ੀ ਸੱਭਿਆਚਾਰਕ ਅਤੇ ਬੌਧਿਕ ਸੰਪਤੀ (ICIP) ਸ਼ਾਮਲ ਹੈ ਅਤੇ ਉਸਦੇ ਉੱਪਰ ਬਣਾਈ ਗਈ ਹੈ, ਜੋ ਉਨ੍ਹਾਂ ਦੀ ਸਹਿਮਤੀ ਨਾਲ ਵਰਤੀ ਗਈ ਹੈ। ICIP ਵਾਲੀ ਸਮੱਗਰੀ ਦੇ ਕਿਸੇ ਵੀ ਹਿੱਸੇ ਨੂੰ ਕਿਸੇ ਵੀ ਅਜਿਹੇ ਮਕਸਦ ਲਈ ਵਰਤਣਾ ਜਿਸਦੀ ਇਜਾਜ਼ਤ ਪ੍ਰੰਪਰਾਗਤ ਨਿਗਰਾਨਾਂ ਵੱਲੋਂ ਨਾ ਦਿੱਤੀ ਗਈ ਹੋਵੇ, ਰਿਵਾਇਤੀ ਕਾਨੂੰਨਾਂ ਦੀ ਗੰਭੀਰ ਉਲੰਘਣਾ ਹੈ। ਤੁਹਾਡੇ ਲਈ ਉੱਪਰ ਦੱਸੇ ਗਏ ਕਰੀਏਟਿਵ ਕਾਮਨਜ਼ ਲਾਇਸੈਂਸ ਦੀ ਵਰਤੋਂ ਕਰਦੇ ਸਮੇਂ, ICIP ਨੂੰ ਉਸਦੀ ਸੰਵੇਦਨਸ਼ੀਲਤਾ ਅਨੁਸਾਰ ਸੰਭਾਲ ਕਰਨੀ ਲਾਜ਼ਮੀ ਹੈ।

ਕਾਪੀਰਾਈਟ ਬਾਰੇ ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ https://healthy-trajectories.com.au/eci-framework/'ਤੇ ਜਾਓ।